ਵਿਸ਼ਾ ਪੰਜਾਬੀ ਜਮਾਤ ਨੌਵੀਂ / ਦਸਵੀਂ

ਪ੍ਰਸ਼ਨ :- ਭਾਸ਼ਾ / ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ । ਕਿਸਮਾਂ ਦੇ ਨਾਂ ਵੀ ਲਿਖੋ ?

ਉੱਤਰ : - ਭਾਸ਼ਾ ਜਾਂ ਬੋਲੀ ਦੋ ਪ੍ਰਕਾਰ ਦੀ ਹੁੰਦੀ ਹੈ।

1. ਆਮ ਬੋਲਚਾਲ ਦੀ ਭਾਸ਼ਾ
2. ਲਿਖਤੀ ਭਾਸ਼ਾ

ਪ੍ਰਸ਼ਨ : - ਗੁਪਤ ਜਾਂ ਸੰਕੇਤਕ ਭਾਸ਼ਾ ਦਾ ਕੋਈ ਇੱਕ ਨਾਂ ਦੱਸੋ ?

ਉੱਤਰ : ਲੰਡੇ

ਪ੍ਰਸ਼ਨ : - ਮਾਤ - ਭਾਸ਼ਾ ਕੀ ਹੁੰਦੀ ਹੈ ?

ਉੱਤਰ : - ਜਿਹੜੀ ਭਾਸ਼ਾ ਬੱਚਾ ਆਪਣੇ ਘਰ - ਪਰਿਵਾਰ ਤੇ ਆਲੇ - ਦੁਆਲੇ ਤੋਂ ਸਹਿਜ ਰੂਪ ਵਿੱਚ ਸਿੱਖਦਾ ਹੈ ।

ਪ੍ਰਸ਼ਨ : - ਰਾਜ ਭਾਸ਼ਾ ਕੀ ਹੁੰਦੀ ਹੈ ?

ਉੱਤਰ : - ਸਰਕਾਰ ਦੁਆਰਾ ਦਫ਼ਤਰੀ ਕੰਮਕਾਜ ਲਈ ਜਿਸ ਭਾਸ਼ਾ ਨੂੰ ਆਪਣੇ ਰਾਜ ਵਿੱਚ ਮਾਨਤਾ ਦਿੱਤੀ ਗਈ ਹੁੰਦੀ ਹੈ।

ਪ੍ਰਸ਼ਨ : ਰਾਸ਼ਟਰੀ - ਭਾਸ਼ਾ ਕੀ ਹੁੰਦੀ ਹੈ ?

ਉੱਤਰ : - ਜਿਸ ਭਾਸ਼ਾ ਨੂੰ ਕਿਸੇ ਦੇਸ਼ ਦੀ ਸਰਕਾਰ ਵਿੱਚ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਹੈ ।

ਪ੍ਰਸ਼ਨ : ਅੰਤਰਰਾਸ਼ਟਰੀ ਭਾਸ਼ਾ ਕੀ ਹੁੰਦੀ ਹੈ ?

ਉੱਤਰ : ਜਿਹੜੀ ਭਾਸ਼ਾ ਵੱਖ - ਵੱਖ ਦੇਸ਼ਾਂ ਦੇ ਲੋਕਾਂ ਨੂੰ ਆਪਸ ਵਿੱਚ ਜੋੜਨ ਦਾ ਕਾਰਜ ਕਰਦੀ ਹੈ ।

ਪ੍ਰਸ਼ਨ : ਟਕਸਾਲੀ ਭਾਸ਼ਾ ਕੀ ਹੁੰਦੀ ਹੈ ?

ਉੱਤਰ : - ਜਿਸ ਦੀ ਵਰਤੋਂ ਸਰਕਾਰੀ ਦਫ਼ਤਰਾਂ ਵਿੱਚ ਸਿੱਖਿਆ ਦੇ ਖੇਤਰ ਵਿੱਚ , ਰੇਡੀਓ , ਅਖ਼ਬਾਰਾਂ , ਟੀ.ਵੀ. ਆਦਿ ਵਿੱਚ ਕੀਤੀ ਜਾਂਦੀ ਹੋਵੇ ।

ਪ੍ਰਸ਼ਨ : - ਸਾਹਿਤਕ ਭਾਸ਼ਾ ਕੀ ਹੁੰਦੀ ਹੈ ?

ਉੱਤਰ : - ਸਾਹਿਤਕ ਭਾਸ਼ਾ ਵਿੱਚ ਟਕਸਾਲੀ ( ਲਿਖਤੀ ) ਅਤੇ ਆਮ ਬੋਲਚਾਲ ਦੀ ਸ਼ਬਦਾਵਲੀ ਦੇ ਦੋਵੇਂ ਰੂਪ ਰਲਵੇਂ ਰੂਪ ਵਿੱਚ ਵਰਤੇ ਜਾਣ ।

ਪ੍ਰਸ਼ਨ : - ਉਪ - ਭਾਸ਼ਾ / ਉਪ - ਬੋਲੀ ਕੀ ਹੁੰਦੀ ਹੈ ?

ਉੱਤਰ : - ਉਪ - ਭਾਸ਼ਾ ਕਿਸੇ ਇੱਕ ਵਿਸ਼ਾਲ ਖੇਤਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਦਾ ਖੇਤਰੀ ਜਾਂ ਇਲਾਕਾਈ ਰੂਪ ਹੁੰਦਾ ਹੈ ।

ਪ੍ਰਸ਼ਨ : " ਕਿੱਥੇ ਜਾਣ ਡਿਆ ਏ , ਕੂਣਾ , ਪੈਹਾ ਕਿਸ ਉਪ - ਭਾਸ਼ਾ ਦੇ ਸ਼ਬਦ ਅਤੇ ਵਾਕੰਸ਼ ਹਨ ?

ਉੱਤਰ : - ਮਾਝੀ

ਪ੍ਰਸ਼ਨ : - ਤੀਮੀ , ਆਮਾਂਗਾ , ਮੂਹਰੇ , ਝੁਹਾਨੂੰ , ਆਪਾਂ , ਸਦੇਹਾਂ ਕਿਸ ਉਪ - ਭਾਸ਼ਾ ਦੇ ਸ਼ਬਦ ਹਨ ?

ਉੱਤਰ : - ਮਲਵਈ

ਪ੍ਰਸ਼ਨ : - ਬਿੱਚ ਮਾ , ਕਾਸ ਮਾ , ਬਾਰੇ , ਬੀਹ , ਇਬਕੇ , ਈਹਾਂ , ਊਹਾਂ ਕਿਸ ਉਪ - ਭਾਸ਼ਾ ਦੇ ਹਨ ?

ਉੱਤਰ : - ਪੁਆਧੀ

ਪ੍ਰਸ਼ਨ :- ਜੰਮੂ ਅਤੇ ਕਾਂਗੜੇ ਵਿੱਚ ਬੋਲੀ ਜਾਂਦੀ ਪੰਜਾਬੀ ਉਪ - ਭਾਸ਼ਾ ਦੀ ਵੰਨਗੀ ਨੂੰ ਕੀ ਕਿਹਾ ਜਾਂਦਾ ਹੈ ?

ਉੱਤਰ : - ਡੋਗਰੀ *

ਪ੍ਰਸ਼ਨ : - ਰਾਵਲਪਿੰਡੀ ਅਤੇ ਜਿਹਲਮ ਦੇ ਪਹਾੜੀ ਖੇਤਰ ਵਿੱਚ ਬੋਲੀ ਜਾਂਦੀ ਪੰਜਾਬੀ ਉਪ - ਭਾਸ਼ਾ ਦੀ ਵੰਨਗੀ ਨੂੰ ਕੀ ਕਿਹਾ ਜਾਂਦਾ ਹੈ ?

ਉੱਤਰ : - ਪੋਠੋਹਾਰੀ

ਪ੍ਰਸ਼ਨ :- ਭਾਸ਼ਾ ਦੇ ਅਧਾਰ ਉੱਤੇ ਪੰਜਾਬ ਦੀ ਵੰਡ ਕਦੋਂ ਹੋਈ ?

ਉੱਤਰ : - 1 ਨਵੰਬਰ , 1966

ਪ੍ਰਸ਼ਨ : ਪੰਜਾਬੀ ਕਿਸ ਰਾਜ ਦੀ ਰਾਜ ਭਾਸ਼ਾ ਹੈ ?

ਉੱਤਰ : - ਪੰਜਾਬ

ਪ੍ਰਸ਼ਨ : - ਪੰਜਾਬੀ ਕਿੱਥੇ ਕਿੱਥੇ ਦੂਜੀ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਹੈ ?

ਉੱਤਰ : ਹਰਿਆਣਾ

ਪ੍ਰਸ਼ਨ : ਪੰਜਾਬੀ ਭਾਸ਼ਾ ਦੀਆਂ ਕਿਹੜੀਆਂ ਧੁਨੀਆਂ ਵਿਸ਼ੇਸ਼ ਹਨ ਜੋ ਹੋਰਨਾਂ ਭਾਸ਼ਾਵਾਂ ਵਿੱਚ ਬਹੁਤ ਘੱਟ ਮਿਲਦੀਆਂ ਹਨ ?

ਉੱਤਰ : - ਘ , ਝ , ਢ , ਭ , ਧ ਅਤੇ ੜ

ਪ੍ਰਸ਼ਨ : ਵਰਨ ਜਾਂ ਅੱਖਰ ਕਿਸਨੂੰ ਕਹਿੰਦੇ ਹਨ ?

ਉੱਤਰ : - ਭਾਸ਼ਾ ਦਾ ਉਚਾਰਨ ਕਰਨ ਸਮੇਂ ਸੰਘ ਵਿੱਚੋਂ ਨਿਕਲਣ ਵਾਲੀਆਂ ਧੁਨੀਆਂ / ਆਵਾਜ਼ਾਂ ਨੂੰ ਲਿਖ ਕੇ ਪ੍ਰਗਟ ਕਰਨ ਵਾਲੇ ਚਿੰਨ੍ਹਾਂ ਨੂੰ ਵਰਨ ਜਾਂ ਅੱਖਰ ਕਿਹਾ ਜਾਂਦਾ ਹੈ ।

ਪ੍ਰਸ਼ਨ : - ਲਿੱਪੀ ਕਿਸ ਨੂੰ ਕਿਹਾ ਜਾਂਦਾ ਹੈ ?

ਉੱਤਰ : - ਭਾਸ਼ਾ ਦੀਆਂ ਧੁਨੀਆਂ ਨੂੰ ਲਿਖ ਕੇ ਪ੍ਰਗਟ ਕਰਨ ਲਈ ਵਰਤੇ ਜਾਂਦੇ ਚਿੰਨ੍ਹਾਂ ਦੇ ਸਮੂਹ ਨੂੰ ਲਿੱਪੀ ਆਖਦੇ ਹਨ ।

ਪ੍ਰਸ਼ਨ :- ਵਰਨਮਾਲਾ ਤੋਂ ਕੀ ਭਾਵ ਹੈ ?

ਉੱਤਰ : - ਭਾਸ਼ਾ ਦੀ ਲਿੱਪੀ ਦੇ ਚਿੰਨ੍ਹਾਂ ਨੂੰ ਜਦੋਂ ਨਿਸਚਿਤ ਤਰਤੀਬਵਾਰ ਰੂਪ ਵਿੱਚ ਲਿਖਿਆ ਜਾਂਦਾ ਹੈ ਉਸਨੂੰ ਵਰਨਮਾਲਾ ਆਖਿਆ ਜਾਂਦਾ ਹੈ ।

ਪ੍ਰਸ਼ਨ :- ਪੰਜਾਬੀ ਵਿੱਚ ਸਵਰ ਕਿੰਨੇ ਹਨ ?

ਉੱਤਰ : - ਦਸ ( ਅ , ਆ , ਇ , ਈ , ਉ , ਊ , ਏ , ਐ , ਓ , ਔ )

ਪ੍ਰਸ਼ਨ :- ਪੰਜਾਬੀ ਵਿੱਚ ਸਵਰ ਵਾਹਕ ਅੱਖਰ ਕਿੰਨੇ ਅਤੇ ਕਿਹੜੇ ਹਨ ?

ਉੱਤਰ : - ਤਿੰਨ - ੳ ਅ ੲ

ਪ੍ਰਸ਼ਨ : - ਪੰਜਾਬੀ ਦੇ ਅਨੁਨਾਸਕੀ ਅੱਖਰ ...... ਹਨ ?

ਉੱਤਰ : ਪੰਜ ( ਵਰਨਮਾਲਾ ਦੇ ਕਵਰਗ , ਚਵਰਗ , ਟਵਰਗ ਤਵਰਗ ਅਤੇ ਪਵਰਗ ਦੇ ਆਖਰੀ ਅੱਖਰ )

ਪ੍ਰਸ਼ਨ : ਪੰਜਾਬੀ ਦੇ ਦੁੱਤ ਅੱਖਰ ( ਅਰਧ ਸਵਰ ) ਕਿਹੜੇ ਹਨ ?

ਉੱਤਰ : - ਹ , ਰ , ਵ

ਪ੍ਰਸ਼ਨ :- ਬਿੰਦੀ ਦੀ ਵਰਤੋਂ ਕਿਹੜੀਆਂ ਲਗਾਂ ਨਾਲ ਹੁੰਦੀ ਹੈ ?

ਉੱਤਰ : - ਛੇ ਲਗਾਂ - ਕੰਨਾ , ਬਿਹਾਰੀ , ਲਾਂ , ਦੁਲਾਵਾਂ , ਹੋੜਾ ਅਤੇ ਕਨੌੜਾ ਨਾਲ

ਪ੍ਰਸ਼ਨ :- ਪੰਜਾਬੀ ਦੇ ਲਗਾਖਰ ਕਿਹੜੇ ਹਨ ?

ਉੱਤਰ : - ਤਿੰਨ - ਬਿੰਦੀ , ਟਿੱਪੀ ਅਤੇ ਅੱਧਕ

ਪ੍ਰਸ਼ਨ :- ੳ ਨਾਲ ਕਿਹੜੀਆਂ ਲਗਾਂ ਲੱਗਦੀਆਂ ?

ਉੱਤਰ : - ਤਿੰਨ- ਔਂਕੜ , ਦੁਲੈਂਕੜ ਅਤੇ ਹੋੜਾ

ਪ੍ਰਸ਼ਨ :  ਅ ਨਾਲ ਕਿਹੜੀਆਂ ਲਗਾਂ ਲੱਗਦੀਆਂ ਹਨ ?

ਉੱਤਰ : - ਚਾਰ

ਮੁਕਤਾ , ਕੰਨਾ , ਦੁਲਾਵਾਂ ਅਤੇ ਕਨੌੜਾ

ਪ੍ਰਸ਼ਨ :- ੲ ਨਾਲ ਕਿਹੜੀਆਂ ਲਗਾਂ ਲੱਗਦੀਆਂ ਹਨ

ਉੱਤਰ : - ਤਿੰਨ

ਸਿਹਾਰੀ , ਬਿਹਾਰੀ ਅਤੇ ਲਾਂ

ਪ੍ਰਸ਼ਨ :- ਪੰਜਾਬੀ ਵਿੱਚ ਲਘੂ ਸਵਰ ਕਿੰਨੇ ਅਤੇ ਕਿਹੜੇ ਹਨ ?

ਉੱਤਰ : - ਤਿੰਨ

ਅ , ਇ , ਉ

ਪ੍ਰਸ਼ਨ :- ਰੂਪ ਦੇ ਅਧਾਰ ' ਤੇ ਸ਼ਬਦਾਂ ਦੀਆਂ ਕਿਹੜੀਆਂ ਦੋ ਕਿਸਮਾਂ ਹਨ ?

ਉੱਤਰ : - ਵਿਕਾਰੀ ਅਤੇ ਅਵਿਕਾਰੀ

ਪ੍ਰਸ਼ਨ :- ਪੰਜਾਬੀ ਸ਼ਬਦਾਂ ਵਿੱਚ ਅੱਧਕ ਦੀ ਵਰਤੋਂ ਕਿਹੜੀਆਂ ਚਾਰ ਲਗਾਂ ਹੀ ਹੁੰਦੀ ਹੈ ?

ਉੱਤਰ : - ਮੁਕਤਾ , ਸਿਹਾਰੀ , ਔਕੜ ਅਤੇ ਦੁਲਾਵਾਂ

ਪ੍ਰਸ਼ਨ :-  ਟਿੱਪੀ ਦੀ ਵਰਤੋਂ ਕਿਹੜੀਆਂ ਚਾਰ ਲਗਾਂ ਨਾਲ ਹੀ ਹੁੰਦੀ ਹੈ ?

ਉੱਤਰ : - ਮੁਕਤਾ, ਸਿਹਾਰੀ , ਔਕੜ ਅਤੇ ਦੁਲੈਂਕੜ

ਪ੍ਰਸ਼ਨ :- ਬਿੰਦੀ ਦੀ ਵਰਤੋਂ ਕਿਹੜੀਆਂ ਕਿਹੜੀਆਂ ਲਗਾਂ ਨਾਲ ਹੁੰਦੀ ਹੈ ?

ਉੱਤਰ : - ਕੰਨਾ , ਬਿਹਾਰੀ ਲਾਂ , ਦੁਲਾਵਾਂ , ਕਨੌੜਾ

**ਤਿਆਰ ਕਰਤਾ**

**ਸੰਦੀਪ ਸਿੰਘ ਜੱਸਲ  ਪੰਜਾਬੀ ਮਾਸਟਰ**

**ਸਰਕਾਰੀ ਹਾਈ ਸਕੂਲ ਭਿੰਡੀ ਔਲਖ (ਅੰਮ੍ਰਿਤਸਰ)**

**ਮੋਬਾਈਲ  8437626373**

